# THE PUNJAB STATE BOARD OF TECHNICAL EDUCATION AND INDUSTRIAL TRAINING

PLOT NO. 1-A, SEC. 36-A, CHANDIGARH PH. : 615385, 622584-85 FAX : 660734


ਨੰ:-ਪੀ.ਐਸ.ਬੀ/ਆਈ.ਟੀ।ਆਈ/21/ 1785 ਅਤਿ ਜਰੂਰੀ/ਸਮਾਂਬੱਧ ਮਿਤੀ:- 27/10/21

ਸੇਵਾ ਵਿਖੇ,

ਪ੍ਰਿੰਸੀਪਲ,

ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,

ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ, ਪੰਜਾਬ ਰਾਜ ਅਧੀਨ।

**ਵਿਸ਼ਾ:- ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਸੈਸ਼ਨ 2020 ਦੌਰਾਨ ਕਰਾਫਟਸਮੈਨ ਟ੍ਰੇਨਿੰਗ ਸਕੀਮ (ਐਨ.ਸੀ.ਵੀ.ਟੀ./ਐਸ.ਸੀ.ਵੀ.ਟੀ.) ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸਾਂ ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀ ਰਜਿਸਟਰੇਸ਼ਨ ਫੀਸ ਇੱਕਠੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਸੈਸ਼ਨ 2020 ਵਿੱਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਕੋਰਸਾਂ ਵਿੱਚ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਵਲੋਂ ਆਨ-ਲਾਈਨ ਦਾਖਲਾ ਕੀਤਾ ਗਿਆ ਹੈ। ਪੰਜਾਬ ਰਾਜ ਦੀਆਂ ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਜਿਸਟਰੇਸ਼ਨ ਲਈ ਹੇਠ ਦਰਸਾਏ ਸ਼ਡਿਊਲ ਮੁਤਾਬਕ ਫੀਸ ਅਤੇ ਲਿਸਟਾਂ ਜਮ੍ਹਾਂ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ:-

1. ਇਸ ਸਬੰਧ ਵਿੱਚ ਕੰਪਿਊਟਰ ਸ਼ਾਖਾ ਵਲੋਂ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਵਲੋਂ ਐਸ.ਸੀ.ਵੀ.ਟੀ. ਟਰੇਡਾਂ ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀ ਭੇਜੀਆਂ ਗਈਆਂ ਦਾਖਲਾ ਲਿਸਟਾਂ ਦੀ ਸੰਸਥਾ ਵਾਇਜ/ਟਰੇਡ ਵਾਇਜ ਫਾਇਲਾਂ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤੀ ਗਈਆਂ ਹਨ। ਸੰਸਥਾਵਾਂ ਇਹ ਲਿਸਟਾਂ ਅਤੇ ਫੀਸ Summary performa ਬੋਰਡ ਦੀ ਵੈਬਸਾਇਟ ਤੇ ਡਾਊਨਲੋਡ ਕਰਕੇ ਇਸ ਅਨੁਸਾਰ **ਫੀਸ ਡੀਟੇਲ ਬਣਾ ਕੇ Axis Bank ਬੈਂਕ ਵਿੱਚ ਬੋਰਡ ਦੇ ਕਾਲਜ ਫੀਸ ਲਈ ਦਿੱਤੇ ਗਏ ਲਿੰਕ** whttps://easypay.axisbank.co.in/easyPay/makePayment?mid=NTI3Njg%3D ਸਾਲ 2020 ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀ ਰਜਿਸਟਰੇਸ਼ਨ ਫੀਸ 150/-ਰਪੁਏ 150/-ਰਪੁਏ ਪ੍ਰਤੀ ਸਿਖਿਆਰਥੀ ਬਿਨ੍ਹਾਂ ਲੇਟ ਫੀਸ ਦੇ **ਮਿਤੀ:-3-11-2021** ਤੱਕ ਜਮਾਂ ਕਰਵਾ ਕੇ ਰਸੀਦ ਪ੍ਰਾਪਤ ਕਰ ਲਈ ਜਾਵੇ ਜੀ।

ਇਸ ਉਪਰੰਤ ਸੰਸਥਾਵਾਂ ਮੁੰਕਮਲ ਦਾਖਲ ਹੋਏ ਸਿਖਿਆਰਥੀਆਂ ਦੀ ਲਿਸਟਾਂ, ਜਮਾਂ ਕਰਵਾਈ ਗਈ ਫੀਸ ਦੀ ਰਸੀਦ ਦੀ ਕਾਪੀ ਅਤੇ ਫੀਸ ਸਮੱਗੀ ਪ੍ਰਫਾਰਮੇ ਦੀ ਤਸਦੀਕਸ਼ੁਦਾ ਕਾਪੀ ਸਕੈਨ ਕਰਕੇ ਬੋਰਡ ਦਫਤਰ ਨੂੰ ਈ-ਮੇਲ ਐਡਰੇਸ **reconciliation.fees@gmail.com ਅਤੇ cfa1919@gmail.com** ਤੇ **ਮਿਤੀ:-08-11-2021** ਤੱਕ ਭੇਜਣਾ ਯਕੀਨੀ ਬਨਾਉਣਗੀਆਂ।

2. ਇਸ ਤੋਂ ਇਲਾਵਾ ਸੰਸਥਾਵਾਂ ਐਮ. ਆਈ. ਐਸ. ਪੋਰਟਲ (NCVT) ਤੇ ਰਜਿਸਟਰਡ/ਅਪਲੋਡ ਕੀਤੇ ਗਏ ਸਿਖਿਆਰਥੀਆਂ ਦੀ ਲਿਸਟਾਂ ਡਾਊਨਲੋਡ ਕਰਕੇ ਪ੍ਰਿੰਸੀਪਲ ਵਲੋਂ ਤਸਦੀਕ (Duly stamped and signed by Principal) ਕਰਨ ਉਪਰੰਤ ਸਕੈਨ ਕਰਕੇ (ਟਰੇਡ ਵਾਇਜ ਲਿਸਟਾਂ), ਉਪਰੋਕਤ ਦਰਸਾਈ ਮਿਤੀ ਅਨੁਸਾਰ ਬੈਂਕ ਵਿੱਚ ਫੀਸ ਜਮ੍ਹਾਂ ਕਰਵਾ ਕੇ ਫੀਸ ਰਸੀਦ ਅਤੇ ਫੀਸ ਸਮੱਗੀ ਪ੍ਰਫਾਰਮੇ ਦੀ ਪ੍ਰਿੰਸੀਪਲ ਵਲੋਂ ਤਸਦੀਕ ਸ਼ੁਦਾ ਕਾਪੀਆਂ ਸਕੈਨ ਕਰਕੇ ਬੋਰਡ ਦਫਤਰ ਦੀ ਈ-ਮੇਲ ਐਡਰੇਸ <u>reconciliation.fees@gmail.com ਅਤੇ cfa1919@gmail.com</u> ਤੇ ਮਿਤੀ:-8-11-2021 ਤੱਕ ਭੇਜੇਗੀ।

3. ਇਸ ਉਪਰੰਤ ਸੰਸਥਾਵਾਂ ਬੋਰਡ ਦਫਤਰ ਵੱਲੋਂ SCVT ਦੀਆਂ ਡਾਊਨਲੋਡ ਕੀਤੀਆਂ ਗਈਆਂ ਫਾਇਲਾਂ ਵਿੱਚ ਰਜਿਸਟਰਡ ਹੋਣ ਵਾਲੇ ਸਿਖਿਆਰਥੀਆਂ ਦੇ ਡਾਟੇ ਵਿਚੋਂ delete ਕੀਤੇ ਜਾਣ ਵਾਲੇ ਸਿਖਿਆਰਥੀਆਂ ਦਾ ਡਾਟਾ Excel ਫਾਰਮੇਟ ਵਿੱਚ ਤਿਆਰ ਕਰਕੇ ਈ-ਮੇਲ ਐਡਰੇਸ <u>reconciliation.fees@gmail.com ਅਤੇ cfa1919@gmail.com</u> ਤੇ ਮਿਤੀ:-8-11-2021 ਤੱਕ ਭੇਜੇਗੀ।

4. ਸੰਸਥਾਵਾਂ ਮਿਤੀ:10-11-2021 ਤੱਕ ਸਿਖਿਆਰਥੀਆਂ ਤੋਂ ਲੇਟ ਫੀਸ (1000/- ਰੁਪਏ ਪ੍ਰਤੀ ਸਿਖਿਆਰਥੀ +150/- ਰੁਪਏ ਨਿਰਧਾਰਤ ਫੀਸ) ਪ੍ਰਾਪਤ ਕਰਕੇ ਨਿਰਧਾਰਤ ਬੈਂਕਾਂ ਵਿੱਚ ਜਮ੍ਹਾਂ ਕਰਵਾਉਣਗੀਆਂ ਅਤੇ ਇਸ ਉਪਰੰਤ ਦਾਖਲ ਹੋਏ ਸਿਖਿਆਰਥੀਆਂ ਦੀ ਲਿਸਟਾਂ, ਜਮਾਂ ਕਰਵਾਈ ਗਈ ਫੀਸ ਦੀ ਰਸੀਦ ਅਤੇ ਉਪਰੋਕਤ ਦਰਸਾਏ ਅਨੁਸਾਰ ਲੋੜੀਂਦੇ ਦਸਤਾਵੇਜਾਂ ਅਤੇ ਐਕਸਲ ਫਾਇਲਾਂ ਮਿਤੀ:-12-11-2021 ਤੱਕ ਬੋਰਡ ਦਫਤਰ ਦੇ ਈ-ਮੇਲ ਐਡਰੇਸ <u>reconciliation.fees@gmail.com ਅਤੇ cfa1919@gmail.com</u> ਤੇ ਭੇਜਣਾ ਯਕੀਨੀ ਬਨਾਉਣਗੀਆਂ।

5. ਰਜਿਸਟਰੇਸ਼ਨ ਫੀਸ ਇਕੋ ਵਾਰ ਹੀ ਮੁਕੰਮਲ ਰੂਪ ਵਿੱਚੇ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ।

6. ਦਾਖਲ ਹੋਏ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਫਾਰਮ ਸੰਸਥਾਵਾਂ ਸਬੰਧਤ ਵਿਦਿਆਰਥੀਆਂ ਤੋਂ ਭਰਵਾ ਕੇ ਆਪਣੀ ਸੰਸਥਾ ਦੇ ਰਿਕਾਰਡ ਵਿੱਚ ਹੀ ਰੱਖਣਗੀਆਂ।

ਸਮੂਹ ਸੰਸਥਾਵਾਂ ਵਲੋਂ ਉਕਤ ਦਰਸਾਏ ਅਨੁਸਾਰ ਰਜਿਸਟਰੇਸ਼ਨ ਫੀਸ ਲੋੜੀਂਦੇ ਦਸਤਾਵੇਜਾਂ ਸਮੇਤ ਸਮੇਂ ਸਿਰ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਪ੍ਰੀਖਿਆ ਸਮੇਂ ਸਿਰ ਲਈ ਜਾ ਸਕੇ। ਇਸ ਤੋਂ ਇਲਾਵਾ ਇਹ ਵੀ ਦੁਬਾਰਾ ਹਦਾਇਤ ਕੀਤੀ ਜਾਂਦੀ ਹੈ ਕਿ ਸੰਸਥਾਵਾਂ ਵਲੋਂ ਐਸ.ਸੀ.ਵੀ.ਟੀ. ਪ੍ਰੀਖਿਆ ਨਵੰਬਰ-2021 ਦੋਰਾਨ ਅਪੀਅਰ ਹੋਣ ਵਾਲੇ ਯੋਗ ਸਿਖਿਆਰਥੀਆਂ ਦੀ ਏ.ਪੀ.ਐਫ. ਫੀਸ ਵੀ ਆਪਣੇ ਪੱਧਰ ਤੇ ਇੱਕਠੀ ਕਰ ਲਈ ਜਾਵੇ, ਜਿਸ ਸਬੰਧੀ ਸ਼ਡਿਊਲ ਵੱਖਰੇ ਤੌਰ ਤੇ ਜਲਦੀ ਹੀ ਬੋਰਡ ਦਫਤਰ ਵਲੋਂ ਜਾਰੀ ਕਰ ਦਿੱਤਾ ਜਾਵੇਗਾ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

27/10/21

ਨੱਥੀ:-ਉਪਰੋਕਤ ਅਨੁਸਾਰ

ਕੰਟਰੋਲਰ ਪ੍ਰੀਖਿਆਵਾਂ (ITI)
ਵਾਸਤੇ ਸਕੱਤਰ

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ
2. ਸਿਸਟਮ ਐਡਮਨ.
3. ਵਿੱਤ ਅਤੇ ਲੇਖਾ ਸ਼ਾਖਾ

## Summary of Students admitted in Session -2020

**Name of Institute with code:-** **Email Address:-**

**Name of Principal:-** **Mobile No.:-**

| Sr. No | Name of Trade | SCVT/NCVT | No. of Students admitted (a) | Fees @ 100/- +50/- (per student)-(b) | Total Fees (Tradewise) (a x b) |
|---|---|---|---|---|---|
| 1 | | | | | |
| 2 | | | | | |
| 3 | | | | | |
| 4 | | | | | |
| 5 | | | | | |
| 6 | | | | | |
| | | | | **Grand Total** | |

1. I certify that all the columns of the performa have been duly filled and above data has been checked by me.
2. I also certify that fee calculation is according to fee prescribed by Board's office and manual submission of fee exactly matches with fee calculation shown above and same has been checked by me.
3. I will attach copy of scanned fee receipt, correctly scanned data of registered candidates on MIS Portal (list downloaded from NCVT - MIS Portal Trade wise).
4. I will attach copy of admitted candidates as well as candidates to be deleted in Excel format (SCVT courses only) separately.
5. I also hereby certify that all the students whose registration forms have been included fulfill all the terms and conditions and hence fully eligible.
6. In case of any mistake found/incomplete or wrong information provided, the institute will be held fully responsible.

**Signature of Principal**

**(With Stamp of institute)**